# Seventh Round of Foreign Office consultations between India and Chile( 14 September, 2021 )

September 14, 2021

## ਭਾਰਤ ਅਤੇ ਚਿਲੀ ਦੇ ਵਿਦੇਸ਼ ਦਫਤਰਾਂ ਦਰਮਿਆਨ ਸਲਾਹ - ਮਸ਼ਵਰੇ ਦਾ ਸੱਤਵਾਂ ਗੇੜ (14 ਸਤੰਬਰ, 2021)

14 ਸਤੰਬਰ, 2021

1. ਭਾਰਤ ਅਤੇ ਚਿਲੀ ਦੇ ਵਿਦੇਸ਼ ਦਫਤਰਾਂ ਦਰਮਿਆਨ ਸਲਾਹ - ਮਸ਼ਵਰੇ ਦਾ ਸੱਤਵਾਂ ਗੇੜ (FOC) 14 ਸਤੰਬਰ, 2021 ਨੂੰ ਸੈਂਟਿਆਗੋ ਵਿੱਚ ਹੋਇਆ। ਭਾਰਤੀ ਪੱਖ ਦੀ ਅਗਵਾਈ ਸਕੱਤਰ (ਪੂਰਬ) ਸ਼੍ਰੀਮਤੀ ਰੀਵਾ ਗਾਂਗੁਲੀ ਦਾਸ ਅਤੇ ਚਿਲੀ ਦੇ ਪੱਖ ਦੀ ਅਗਵਾਈ ਚਿਲੀ ਦੇ ਵਿਦੇਸ਼ ਮੰਤਰਾਲੇ ਦੀ ਉਪ-ਮੰਤਰੀ ਸ਼੍ਰੀਮਤੀ ਕੈਰੋਲੀਨਾ ਵਾਲਦੀਵੀਆ ਟੋਰੇਸ ਨੇ ਕੀਤੀ।

2. FOC ਦੌਰਾਨ ਦੋਵਾਂ ਪੱਖਾਂ ਨੇ ਆਪਣੇ ਸਮੁੱਚੇ ਦੁਵੱਲੇ ਸਬੰਧਾਂ ਦੀ ਵਿਆਪਕ ਸਮੀਖਿਆ ਕੀਤੀ, ਜਿਸ ਵਿੱਚ ਵਪਾਰ ਅਤੇ ਨਿਵੇਸ਼, ਰੱਖਿਆ, ਖੇਤੀਬਾੜੀ, ਸਿਹਤ ਅਤੇ ਦਵਾਈਆਂ, ਊਰਜਾ, ਪੁਲਾੜ, ਅੰਟਾਰਕਟਿਕਾ ਵਿੱਚ ਸਹਿਯੋਗ, ਬਿਪਦਾ ਪ੍ਰਬੰਧਨ, ਸੱਭਿਆਚਾਰਕ ਅਤੇ ਕੌਂਸਲਰ ਮੁੱਦੇ ਸ਼ਾਮਲ ਸਨ।

3. ਦੋਵਾਂ ਪੱਖਾਂ ਨੇ COVID -19 ਦੀ ਸਥਿਤੀ ਅਤੇ ਮਹਾਂਮਾਰੀ ਤੋਂ ਬਾਅਦ ਦੀ ਆਰਥਿਕ ਬਹਾਲੀ ਵਿੱਚ ਵਪਾਰ ਅਤੇ ਨਿਵੇਸ਼ ਭਾਈਵਾਲੀ ਨੂੰ ਵਧਾਉਣ ਦੀਆਂ ਸੰਭਾਵਨਾਵਾਂ ਬਾਰੇ ਵਿਚਾਰ - ਵਟਾਂਦਰਾ ਕੀਤਾ।

4. ਦੋਵਾਂ ਪੱਖਾਂ ਨੇ ਮੰਨਿਆ ਕਿ ਵਪਾਰ ਭਾਰਤ-ਚਿਲੀ ਸਬੰਧਾਂ ਦਾ ਮਹੱਤਵਪੂਰਣ ਥੰਮ੍ਹ ਹੈ ਅਤੇ ਤਰਜੀਹੀ ਵਪਾਰ ਸਮਝੌਤੇ ਦਾ ਹੋਰ ਵਿਸਥਾਰ ਕਰਨ ਲਈ ਚੱਲ ਰਹੀ ਗੱਲਬਾਤ 'ਤੇ ਤੱਸਲੀ ਪ੍ਰਗਟ ਕੀਤੀ, ਜਿਸ ਉੱਤੇ 2006 ਵਿੱਚ ਹਸਤਾਖਰ ਹੋਏ ਸਨ ਅਤੇ ਜਿਸਦਾ 2017 ਵਿੱਚ ਵਿਸਥਾਰ ਕੀਤਾ ਗਿਆ ਸੀ।

5. ਦੋਵੇਂ ਪੱਖਾਂ ਨੇ ਸੰਯੁਕਤ ਰਾਸ਼ਟਰ ਵਿੱਚ ਸਹਿਯੋਗ ਕਰਨ ਸਮੇਤ ਸਾਂਝੀ ਦਿਲਚਸਪੀ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵੀ ਵਿਚਾਰ - ਵਟਾਂਦਰੇ ਕੀਤੇ ਅਤੇ ਬਹੁ -ਪੱਖੀ ਮੰਚਾਂ 'ਤੇ ਇੱਕ ਦੂਜੇ ਨਾਲ ਨੇੜਿਓਂ ਕੰਮ ਕਰਨ ਉੱਤੇ ਸਹਿਮਤੀ ਦਿੱਤੀ।

6. ਇਹ ਗੱਲਬਾਤ ਦੋਸਤਾਨਾ ਅਤੇ ਸੁਹਿਰਦ ਮਾਹੌਲ ਵਿੱਚ ਹੋਈ, ਜਿਸ ਵਿੱਚ ਦੋਹਾਂ ਪੱਖਾਂ ਨੇ ਸਥਾਪਿਤ ਦੁਵੱਲੇ ਤੰਤਰ ਰਾਹੀਂ ਦਿਲਚਸਪੀ ਵਾਲੇ ਖੇਤਰਾਂ ਵਿੱਚ ਗੱਲਬਾਤ ਦੀ ਰਫਤਾਰ ਨੂੰ ਕਾਇਮ ਰੱਖਣ 'ਤੇ ਸਹਿਮਤੀ ਪ੍ਰਗਟਾਈ। ਦੋਵੇਂ ਪੱਖ FOC ਦਾ ਅਗਲਾ ਗੇੜ ਨਵੀਂ ਦਿੱਲੀ ਵਿੱਚ ਕਰਵਾਉਣ ਉੱਤੇ ਸਹਿਮਤ ਹੋਏ।

ਸੈਂਟਿਆਗੋ
14 ਸਤੰਬਰ, 2021

DISCLAIMER: This is an approximate translation. The original is available in English on MEA's website and may be referred to as the official press release.